ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ
ਈ.ਮੇਲ: directorscert@punjabeducation.gov.in ਫੋਨ ਨੰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ),
ਪੰਜਾਬ।

ਮੀਮੋ ਨੰਬਰ:SCERT/SCI/2024318308/e-410506
ਮਿਤੀ: ਐਸ.ਏ.ਐਸ. ਨਗਰ: 11.12.2024

**ਵਿਸ਼ਾ : 9ਵੀਂ ਜਮਾਤ ਦੇ ਵਿਦਿਆਰਥੀਆਂ ਦੀ ਰਾਜ ਅੰਦਰਲੀਆਂ ਉਚੇਰੀ ਸਿੱਖਿਆ ਸੰਸਥਾਵਾਂ ਦੀ ਵਿਦਿਅਕ ਯਾਤਰਾ ਸੰਬੰਧੀ**

1.0 ਉਕਤ ਵਿਸ਼ੇ ਦੇ ਸੰਬੰਧ ਵਿੱਚ MoE, ਨਵੀਂ ਦਿੱਲੀ ਵੱਲੋਂ ਸੈਸ਼ਨ 2024-25 ਦੌਰਾਨ 9ਵੀਂ ਜਮਾਤ ਵਿੱਚ ਪੜ੍ਹਦੇ ਸਮੂਹ ਜ਼ਿਲ੍ਹਿਆਂ ਦੇ 228 ਬਲਾਕਾਂ ਵਿੱਚੋਂ **114000 (500 ਵਿਦਿਆਰਥੀ ਪ੍ਰਤੀ ਬਲਾਕ)** ਵਿਦਿਆਰਥੀਆਂ ਨੂੰ ਪੰਜਾਬ ਰਾਜ ਅੰਦਰ ਮੌਜੂਦ ਉਚੇਰੀ ਸਿੱਖਿਆ ਸੰਸਥਾਵਾਂ ਜਿਵੇਂ ਕਿ ਪੰਜਾਬ ਰਾਜ ਦੀਆਂ ਯੂਨੀਵਰਸਿਟੀਆਂ, IIT ਰੋਪੜ, NIPER, IISER, ਕਾਲਜ਼ਾਂ (Law, Engineering, Medicial, Business, Music and Art etc) ਆਦਿ ਤੇ ਵਿਦਿਅਕ ਯਾਤਰਾ ਕਰਵਾਈਆਂ ਜਾਣੀਆਂ ਹਨ।

2.0 ਸੰਬੰਧਤ ਬਲਾਕ ਦੇ ਬਲਾਕ ਨੋਡਲ ਅਫ਼ਸਰ ਵੱਲੋਂ ਨੌਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਲਈ ਗਈ ਅੱਠਵੀਂ ਜਮਾਤ ਦੀ ਪ੍ਰੀਖਿਆਂ ਵਿੱਚੋਂ ਪ੍ਰਾਪਤ ਕੀਤੇ ਅੰਕਾਂ ਦੇ ਆਧਾਰ ਤੇ ਬਲਾਕ ਪੱਧਰ ਤੇ ਪਹਿਲੇ 500 ਵਿਦਿਆਰਥੀਆਂ ਦੀ ਚੋਣ ਕੀਤੀ ਜਾਵੇ।

3.0 ਉਕਤ ਵਿਦਿਅਕ ਯਾਤਰਾਵਾਂ ਲਈ ਜਾਰੀ ਕੀਤੀ ਗਈ ਰਾਸ਼ੀ ਦੇ ਵੇਰਵੇ ਹੇਠ ਅਨੁਸਾਰ ਹੈ:

| ਲੜੀ ਨੰ. | ਜ਼ਿਲ੍ਹੇ ਦਾ ਨਾਂ | ਬਲਾਕਾਂ ਦੀ ਗਿਣਤੀ | Physical Unit@ 500/ Block | Unit Cost | Financial Unit (in Lakhs) |
|---|---|---|---|---|---|
| 1 | ਅੰਮ੍ਰਿਤਸਰ | 15 | 7500 | 0.005 | 37.5 |
| 2 | ਬਰਨਾਲਾ | 3 | 1500 | 0.005 | 7.5 |
| 3 | ਬਠਿੰਡਾ | 7 | 3500 | 0.005 | 17.5 |
| 4 | ਫਰੀਦਕੋਟ | 5 | 2500 | 0.005 | 12.5 |
| 5 | ਫਤਿਹਗੜ੍ਹ ਸਾਹਿਬ | 8 | 4000 | 0.005 | 20 |
| 6 | ਫਾਜ਼ਿਲਕਾ | 8 | 4000 | 0.005 | 20 |
| 7 | ਫਿਰੋਜ਼ਪੁਰ | 11 | 5500 | 0.005 | 27.5 |
| 8 | ਗੁਰਦਾਸਪੁਰ | 19 | 9500 | 0.005 | 47.5 |
| 9 | ਹੁਸ਼ਿਆਰਪੁਰ | 21 | 10500 | 0.005 | 52.5 |
| 10 | ਜਲੰਧਰ | 17 | 8500 | 0.005 | 42.5 |
| 11 | ਕਪੂਰਥਲਾ | 9 | 4500 | 0.005 | 22.5 |
| 12 | ਲੁਧਿਆਣਾ | 19 | 9500 | 0.005 | 47.5 |
| 13 | ਮਲੇਰਕੋਟਲਾ | 3 | 1500 | 0.005 | 7.5 |
| 14 | ਮਾਨਸਾ | 5 | 2500 | 0.005 | 12.5 |
| 15 | ਮੋਗਾ | 6 | 3000 | 0.005 | 15 |
| 16 | ਸ.ਅ.ਸ. ਨਗਰ | 8 | 4000 | 0.005 | 20 |
| 17 | ਸ.ਭ.ਸ. ਨਗਰ | 7 | 3500 | 0.005 | 17.5 |
| 18 | ਪਠਾਨਕੋਟ | 7 | 3500 | 0.005 | 17.5 |
| 19 | ਪਟਿਆਲਾ | 16 | 8000 | 0.005 | 40 |
| 20 | ਰੂਪਨਗਰ | 10 | 5000 | 0.005 | 25 |
| 21 | ਸੰਗਰੂਰ | 9 | 4500 | 0.005 | 22.5 |
| 22 | ਸ੍ਰੀ ਮੁਕਤਸਰ ਸਾਹਿਬ | 6 | 3000 | 0.005 | 15 |
| 23 | ਤਰਨਤਾਰਨ | 9 | 4500 | 0.005 | 22.5 |
| **Total** | | **228** | **114000** | **0.005** | **570** |

Scanned with CamScanner

4.0 ਉਕਤ ਰਾਸ਼ੀ ਨੂੰ ਵਿਦਿਆਰਥੀਆਂ ਦੇ ਆਉਣ-ਜਾਣ, ਰਿਫਰੈਸ਼ਮੈਂਟ (ਚਾਹ, ਪਾਣੀ ਅਤੇ ਭੋਜਨ ਆਦਿ) ਅਤੇ ਹੋਰ ਫੁੱਟਕਲ ਖਰਚੇ ਲਈ ਵਰਤਿਆ ਜਾ ਸਕਦਾ ਹੈ।

5.0 ਉਕਤ ਵਿਦਿਅਕ ਯਾਤਰਾਵਾਂ ਦੌਰਾਨ ਬਲਾਕ ਨੋਡਲ ਅਫ਼ਸਰ/ਸਕੂਲ ਮੁਖੀ ਵੱਲੋਂ ਹੇਠ ਲਿਖੇ ਮਾਪਦੰਡ ਸੁਨਿਸ਼ਚਿਤ ਕੀਤੇ ਜਾਣੇ ਯਕੀਨੀ ਬਣਾਏ ਜਾਣ:

5.1 ਵਿਦਿਅਕ ਯਾਤਰਾਵਾਂ ਲਈ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਬੱਸ, ਵੈਨ ਜਾਂ ਕੋਈ ਹੋਰ ਢੁੱਕਵੇ ਵਾਹਨ ਨੂੰ ਹਾਇਰ (Hire) ਕੀਤਾ ਜਾਵੇ ਅਤੇ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਹਾਇਰ (Hire) ਕੀਤਾ ਵਾਹਨ ਸੇਫਟੀ ਮਾਪਦੰਡਾਂ ਨੂੰ ਪੂਰਾ ਕਰਦਾ ਹੋਵੇ।

5.2 ਵਿਦਿਅਕ ਯਾਤਰਾਵਾਂ ਦੌਰਾਨ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਲੋੜੀਂਦੇ ਅਧਿਆਪਕ ਅਤੇ ਲੜਕੀਆਂ ਨਾਲ ਮਹਿਲਾ ਅਧਿਆਪਕ ਦੀ ਡਿਊਟੀ ਲਗਾਉਣੀ ਯਕੀਨੀ ਬਣਾਈ ਜਾਵੇ।

5.3 ਉਕਤ ਵਿਦਿਅਕ ਯਾਤਰਾਵਾਂ ਤੇ ਜਾਣ ਵਾਲੇ ਵਿਦਿਆਰਥੀਆਂ ਦੇ ਮਾਤਾ-ਪਿਤਾ ਕੋਲੋ ਸਹਿਮਤੀ ਪੱਤਰ ਲੈਣਾ ਯਕੀਨੀ ਬਣਾਇਆ ਜਾਵੇ।

5.4 ਵਿਦਿਅਕ ਯਾਤਰਾਵਾਂ ਦੌਰਾਨ ਵਿਦਿਆਰਥੀ ਸਕੂਲ ਦੀ ਵਰਦੀ ਵਿੱਚ ਹੋਣ।

5.5 ਵਿਦਿਅਕ ਯਾਤਰਾਵਾਂ ਦੌਰਾਨ ਵਿਦਿਆਰਥੀਆਂ ਦੀ ਸੁਰੱਖਿਆ ਦਾ ਪੂਰਾ ਧਿਆਨ ਰੱਖਿਆ ਜਾਵੇ।

5.6 ਵਿਦਿਆਰਥੀਆਂ ਦਾ ਵਿਦਿਅਕ ਯਾਤਰਾਵਾਂ ਉਪਰੰਤ ਸਮੇਂ ਸਿਰ ਘਰ ਪਹੁੰਚ ਜਾਣਾ ਯਕੀਨੀ ਬਣਾਇਆ ਜਾਵੇ।

5.7 ਵਿਦਿਅਕ ਯਾਤਰਾਵਾਂ ਦੌਰਾਨ first aid kit ਕੋਲ ਜ਼ਰੂਰ ਰੱਖੀ ਜਾਵੇ।

5.8 ਖਰਾਬ ਮੌਸਮ ਵਾਲੇ ਦਿਨ ਵਿਦਿਆਰਥੀਆਂ ਨੂੰ ਵਿਦਿਅਕ ਯਾਤਰਾਵਾਂ ਤੇ ਲੈ ਜਾਣ ਤੋਂ ਗੁਰੇਜ਼ ਕੀਤਾ ਜਾਵੇ।

5.9 ਵਿਦਿਅਕ ਯਾਤਰਾਵਾਂ ਦੌਰਾਨ ਕੀਤੇ ਖਰਚੇ ਦਾ ਨਿਯਮਾਂ ਅਨੁਸਾਰ ਪੂਰਾ ਰਿਕਾਰਡ ਰੱਖਿਆ ਜਾਵੇ।

6.0 ਸੰਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਆਪਣੇ ਜ਼ਿਲ੍ਹੇ ਦੀਆਂ ਵਿਦਿਅਕ ਯਾਤਰਾਵਾਂ ਦੀ ਰੂਪ-ਰੇਖਾ ਤਿਆਰ ਕਰਕੇ ਮੁੱਖ ਦਫ਼ਤਰ ਨਾਲ ਸਾਂਝੀ ਕੀਤੀ ਜਾਵੇ।

7.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਦੁਆਰਾ ਇਹਨਾਂ ਵਿਦਿਅਕ ਯਾਤਰਾਵਾਂ ਨੂੰ 30 ਜਨਵਰੀ, 2025 ਤੱਕ ਹਰ ਹਾਲਤ ਵਿੱਚ ਮੁਕੰਮਲ ਕਰਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਨਾਲ ਤਾਲਮੇਲ ਕਰਨ ਉਪਰੰਤ ਇੱਕ ਹਫ਼ਤੇ ਦੇ ਅੰਦਰ ਇਸਦਾ ਵਰਤੋਂ ਸਰਟੀਫ਼ਿਕੇਟ ਮੁੱਖ ਦਫ਼ਤਰ ਨਾਲ ਸਾਂਝਾ ਕਰਨਾ ਯਕੀਨੀ ਬਣਾਇਆ ਜਾਵੇ।

ਅਮਨਿੰਦਰ ਕੌਰ ਬਰਾੜ (PCS),
ਡਾਇਰੈਕਟਰ,
ਐਸ.ਸੀ.ਈ.ਆਰ.ਟੀ.,ਪੰਜਾਬ।

ਪਿੱਠ ਅੰਕਣ ਨੰ: ਉਕਤ — ਮਿਤੀ: ਐਸ.ਏ.ਐਸ.ਨਗਰ: 11.12.2024

ਉਪਰੋਕਤ ਦਾ ਉਤਾਰਾ ਸੂਚਨਾ ਹਿੱਤ ਹੇਠ ਲਿਖਿਆ ਨੂੰ ਭੇਜਿਆ ਜਾਂਦਾ ਹੈ:

1. ਸਮੂਹ ਬਲਾਕ ਨੋਡਲ ਅਫ਼ਸਰ
2. ਸਮੂਹ ਸਕੂਲ ਮੁਖੀ

(ਡਾ. ਅਮਨਦੀਪ ਕੌਰ)
ਸਹਾਇਕ ਡਾਇਰੈਕਟਰ,AQT
ਐਸ.ਸੀ.ਈ.ਆਰ.ਟੀ.,ਪੰਜਾਬ।

Scanned with CamScanner

## ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ),ਲੁਧਿਆਣਾ

ਮਿਤੀ- 13/12/2024

ਪਿੱਠ ਅੰਕਣ ਨੰ-ਸੈ.ਸਿ/ਜੀ-6/2024-752

ਉਪਰੋਕਤ ਦਾ ਉਤਾਰਾ ਸਮੂਹ ਬੀ.ਐੱਨ.ਓ ਸਾਹਿਬਾਨ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹੁਕਮਾਂ/ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

-ਸਹੀ/-

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ),

ਲੁਧਿਆਣਾ ।

13/12/2024

Scanned with CamScanner